# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 30 ਅਪ੍ਰੈਲ 2024 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕਿਲੋਨਾ ਵਿਖੇ ਓਕਆਗਨ ਗੁਰਦੁਆਰਾ ਵੱਲੋਂ ਸਜਾਏ ਵਿਸਾਖੀ ਨਗਰ ਕੀਰਤਨ ਵਿਚ ਸ਼ਰਧਾਲੂ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਕਿਲੋਨਾ, 30 ਅਪ੍ਰੈਲ : ਬੀ.ਸੀ. ਦੇ ਸ਼ਹਿਰ ਕਿਲੋਨਾ ਵਿਖੇ ਗੁਰਦੁਆਰਾ ਓਕਆਗਨ ਸਿੱਖ ਟੈਂਪਲ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ 14ਵਾਂ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਵਿਚ ਤਕਰੀਬਨ ਪੰਜ ਹਜਾਰ ਲੋਕ ਬੜੇ ਉਤਸ਼ਾਹ ਅਤੇ ਉਮਾਹ ਨਾਲ ਸ਼ਾਮਲ ਹੋਏ। ਨਗਰ ਕੀਤਰਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਮੋਟਰ ਸਾਈਕਲ ਸਵਾਰ ਅਤੇ ਅੰਗਰੇਜ਼ੀ ਬੈਂਡ ਪਾਰਟੀ ਨਗਰ ਕੀਰਤਨ ਦੀ ਸ਼ੋਭਾ ਵਿਚ ਵਾਧਾ ਕਰ ਰਹੇ ਸਨ। ਸ਼ਰਧਾਲੂਆਂ ਵੱਲੋਂ ਆਪਣੇ ਟਰੈਕਟਰ ਸਜਾ ਕੇ ਨਗਰ ਕੀਰਤਨ ਵਿਚ ਲਿਆਂਦੇ ਗਏ। ਬੱਚਿਆਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ।





ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ ਇਹ ਨਗਰ ਕੀਰਤਨ ਲਾਗਲੀਆਂ ਗਲੀਆਂ ਵਿੱਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਵੀ ਸ਼ਰਧਾਲੂਆਂ, ਕਾਰੋਬਾਰੀਆਂ, ਬੈਂਕਾਂ ਅਤੇ ਹੋਰ ਅਦਾਰਿਆਂ ਵੱਲੋਂ ਆਪੋ ਆਪਣੇ ਸਟਾਲ ਲਾਏ ਗਏ ਸਨ ਜਿਹਨਾਂ ਉਪਰ ਸ਼ਾਮ ਤੱਕ ਖੂਬ ਰੌਣਕ ਲੱਗੀ ਰਹੀ। ਮੌਸਮ ਸਾਜ਼ਗਾਰ ਨਾ ਹੋਣ ਦੇ ਬਾਵਜੂਦ ਸ਼ਰਧਾਲੂਆਂ ਦੇ ਉਤਸ਼ਾਹ ਮੱਠਾ ਨਹੀਂ ਪਿਆ।

ਇਸ ਨਗਰ ਕੀਰਤਨ ਉਪਰ ਗੁਲਾਟੀ ਪਬਲਿਸ਼ਰਜ਼ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਪੁਸਤਕ ਪ੍ਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿਚ ਪੁਸਤਕ ਪ੍ਰੇਮੀਆਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ, ਕਿਤਾਬਾਂ ਨੂੰ ਚੁੰਮਿਆਂ ਅਤੇ ਆਪਣਾ ਸਾਥੀ ਬਣਾਇਆ। ਪੁਸਤਕ ਪ੍ਰਦਰਸ਼ਨੀ ਲਈ ਸ਼ਾਇਰ ਪਾਲ ਢਿੱਲੋਂ, ਸ਼ਿੰਦਾ ਢਿੱਲੋਂ, ਬਲਜੀਤ ਸਿੰਘ, ਪਰਮਜੀਤ ਗਿੱਲ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਪਤਾਰਾ ਅਤੇ ਸਮੁੱਚੀ ਕਮੇਟੀ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਕ ਹੋਰ ਸੰਸਥਾ ਵੱਲੋਂ ਵੀ ਧਾਰਮਿਕ ਕਿਤਾਬਾਂ ਦਾ ਸਟਾਲ ਲਾਇਆ ਗਿਆ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪਰਮਜੀਤ ਸਿੰਘ ਪਤਾਰਾ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈ ਸੰਗਤ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

## ਡਿਪਟੀ ਕਮਿਸ਼ਨਰ ਵੱਲੋਂ ਚੋਣ ਅਮਲੇ ਦੀ ਕੀਤੀ ਗਈ ਪਹਿਲੀ ਰੈਂਡੇਮਾਈਜੇਸ਼ਨ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ 30 ਅਪ੍ਰੈਲ : ਲੋਕ ਸਭਾ ਚੋਣਾਂ 2024 ਦੇ ਅਗਾਊਂ ਪ੍ਰਬੰਧਾਂ ਦੀ ਲੜੀ ਤਹਿਤ ਜਿਸ ਚੋਣ ਅਮਲੇ ਦੀ ਮਤਦਾਨ ਵਿੱਚ ਡਿਊਟੀ ਲੱਗਣੀ ਹੈ ਉਹਨਾਂ ਦੀ ਪਹਿਲੀ ਰੈਂਡੇਮਾਈਜੇਸਨ ਅੱਜ ਇੱਥੇ ਜ਼ਿਲਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਦੀ ਹਾਜ਼ਰੀ ਵਿੱਚ ਚੋਣ ਕਮਿਸ਼ਨ ਦੇ ਪੋਰਟਲ ਰਾਹੀਂ ਕੀਤੀ ਗਈ। ਇਸ ਮੌਕੇ ਜ਼ਿਲਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਚ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਜਿਲ੍ਹੇ ਚ ਪੈਂਦੇ 1192 ਬੂਥਾਂ ਲਈ ਚੋਣ ਅਮਲੇ ਨੂੰ ਤੈਨਾਤ ਕਰਨ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ । ਉਹਨਾਂ ਦੱਸਿਆ ਕਿ ਕਿਸ ਵਿਅਕਤੀ ਜਾਂ ਕਰਮਚਾਰੀ ਨੇ ਕਿਸ ਬੂਥ ਤੇ ਜਾਣਾ ਹੈ ਇਹ ਰੈਂਡੇਮਾਈਜੇਸ਼ਨ ਦੇ ਆਧਾਰ ਤੇ ਹੀ ਤੈਅ ਹੁੰਦਾ ਹੈ ਅਤੇ ਅੰਤਿਮ ਬੂਥ ਆਖਰੀ ਰੈਂਡੇਮਾਈਜੇਸ਼ਨ ਮੌਕੇ ਪਤਾ ਚਲਦਾ ਹੈ।



ਉਨਾਂ ਨੇ ਜ਼ਿਲਾ ਵਾਸੀਆਂ ਨੂੰ ਕਿਹਾ ਕਿ ਲੋਕ ਸਭਾ ਚੋਣਾਂ ਪੂਰੀ ਤਰਾਂ ਨਿਰਪੱਖ ਅਤੇ ਸ਼ਾਂਤਮਈ ਤਰੀਕੇ ਨਾਲ ਕਰਵਾਉਣ ਲਈ ਜਿਲ੍ਹਾ ਪ੍ਰਸ਼ਾਸਨ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਤਿਆਰੀਆਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣ ਅਮਲੇ ਦੀ ਸਹਾਇਕ ਰਿਟਰਨਿੰਗ ਅਫ਼ਸਰ ਦੇ ਪੱਧਰ ਤੇ ਰਿਹਰਸਲ ਪੜਾਅ ਵਾਰ ਹੋਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਲਤੀਫ਼ ਅਹਿਮਦ, ਡੀਆਈਓ ਸ਼੍ਰੀ ਸੰਦੀਪ ਗੁਪਤਾ, ਤਹਿਸੀਲਦਾਰ ਚੋਣਾਂ ਸ਼੍ਰੀ ਭੂਸ਼ਣ ਕੁਮਾਰ, ਆਦਿ ਹਾਜ਼ਰ ਸਨ।

## ਤਰਕਸ਼ੀਲਾਂ ਨੇ ਸ ਸ ਸ ਸਕੂਲ ਥਲੇਸ ਵਿਖੇ ਤਰਕਸ਼ੀਲ ਪਰੋਗਰਾਮ ਪੇਸ਼ ਕੀਤਾ

### ਤਰਕਸ਼ੀਲ ਪ੍ਰੋਗਰਾਮ ਵਿੱਚ ਪੁਸਤਕ ਪ੍ਰਦਰਸ਼ਨੀ ਲਗਾਈ ਗਈ

### ਤਰਕਸ਼ੀਲ ਪ੍ਰੋਗਰਾਮ ਵਿੱਚ ਜਾਦੂ ਸ਼ੋਅ ਹੋਇਆ

### ਵਿਗਿਆਨਕ ਸੋਚ ਸਮੇਂ ਦੀ ਮੁੱਖ ਲੋੜ — ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 30 ਅਪ੍ਰੈਲ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅਜ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ,ਜਗਦੇਵ ਕੰਮੋਮਾਜਰਾ ਤੇ ਲੈਕਚਰਾਰ ਜਸਦੇਵ ਸਿੰਘ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਥਲੇਸ ਵਿਖੇ ਇਕ ਸਿਖਿਆਦਾਇਕ ਪਰੋਗਰਾਮ ਦਿੱਤਾ । ਪ੍ਰਿੰਸੀਪਲ ਪ੍ਰਵੀਨ ਕੁਮਾਰ ਮਨਚੰਦਾ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਤਰਕਸ਼ੀਲ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ।ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧਵਿਸ਼ਵਾਸ਼ਾਂ,ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ।ਉਨਾਂ ਕਿਹਾ ਕਿ ਵਿਗਿਆਨਕ ਸੂਝਬੂਝ ਤੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖਸ਼ੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ, ਲਗਨ, ਲਗਾਤਾਰਤਾ ਦੇ ਨਾਲ ਕੀ,ਕਿਉਂ ਕਿਵੇਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਸੁਪਨੇ ਸਾਕਾਰ ਕਰਨ ਲਈ,ਰਸਤੇ ਭਾਵੇਂ ਵਿਖੜੇ ਹੋਣ ਪਰ ਮਿਹਨਤ,ਲਗਨ, ਦ੍ਰਿੜ੍ਹਤਾ ਨਾਲ ਸਾਕਾਰ ਕੀਤੇ ਜਾ ਸਕਦੇ ਹਨ।






ਇਸ ਸਮੇਂ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਪੇਸ਼ ਕਰਦਿਆਂ ਕਿਹਾ ਕਿ ਜਾਦੂ ਇੱਕ ਕਲਾ ਹੈ,ਹੱਥ ਦੀ ਸਫਾਈ ਹੈ ਇਸ ਵਿੱਚ ਕੋਈ ਗ਼ੈਬੀ ਸ਼ਕਤੀ ਨਹੀਂ। ਉਨ੍ਹਾਂ ਬਹੁਤ ਸਾਰੇ ਟ੍ਰਿਕਾਂ ਜਿਵੇਂ:ਅਖ਼ਬਾਰ ਪਾੜ ਕੇ ਸਾਬਤ ਕਰਨਾ, ਫੁੱਲ ਗ਼ਾਇਬ ਕਰਨਾ, ਕੁੜੀ ਨੂੰ ਰੱਸੀ ਨਾਲ ਬੰਨਣਾ ਆਦਿ ਰਾਹੀਂ ਹਾਜ਼ਰੀਨ ਦਾ ਸਾਰਥਿਕ ਮਨੋਰੰਜਨ ਕਰਦਿਆਂ ਉਨ੍ਹਾਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੱਦਾ ਦਿੱਤਾ।ਇਸ ਸਮੇਂ ਲਗਾਈ ਪੁਸਤਕ ਪ੍ਰਦਰਸ਼ਨੀ ਵਿੱਚ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਤੇ ਜਸਦੇਵ ਸਿੰਘ ਨੇ ਪ੍ਰਿੰਸੀਪਲ ਸਾਹਿਬ, ਆਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ , ਤਰਕਸ਼ੀਲ ਮੈਗਜ਼ੀਨ,'ਪੜ੍ਹੋ, ਵਿਚਾਰੋ ਤੇ ਅਮਲ ਕਰੋ' ਨਾਮ ਦੀਆ ਵਿਗਿਆਨਕ ਚੇਤਨਾ ਵਿਕਸਤ ਕਰਨ ਵਾਲੀਆਂ ਦੋਵਰਕੀਆਂ ਵੰਡੀਆਂ ਗਈਆਂ । ਪੰਜਵੀਂ ਚੇਤਨਾ ਪਰਖ਼ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਸਹਿਯੋਗੀ ਅਧਿਆਪਕਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਲੈਕਚਰਾਰ ਅਨੁਰਾਧਾ ਨੇ ਵਿਗਿਆਨਕ ਵਿਚਾਰ ਅਪਨਾਉਣ ਦਾ ਸੁਨੇਹਾ ਲੈ ਕੇ ਵਿਦਿਆਰਥੀਆਂ ਦੇ ਰੂ- ਬ -ਰੂ ਹੋਣ ਲਈ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ ।।ਪਰੋਗਰਾਮ ਵਿਗਿਆਨਕ ਵਿਚਾਰਾਂ ਦਾ ਛੱਟ ਦੇਣ ਵਿਚ ਸਫ਼ਲ ਰਿਹਾ।

## ਜਸਵਿੰਦਰ ਹੇਅਰ ਬਣੇ ਤਰਕਸ਼ੀਲ ਸੁਸਾਇਟੀ ਸਰੀ ਯੂਨਿਟ ਦੇ ਨਵੇਂ ਪ੍ਰਧਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 30 ਅਪ੍ਰੈਲ : ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਦੇ ਸਰੀ ਯੂਨਿਟ ਦੀ ਜਨਰਲ ਬਾਡੀ ਦੀ ਮੀਟਿੰਗ ਬੀਤੇ ਦਿਨ ਸੁਸਾਇਟੀ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਦੀ ਪ੍ਰਧਾਨਗੀ ਹੇਠ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਜੋਸ਼ੀਲੇ ਮਾਹੌਲ ਵਿੱਚ ਹੋਈ। ਇਸ ਮੀਟਿੰਗ ਵਿਚ ਕਈ ਨਵੇਂ ਮੈਂਬਰਾਂ ਸਮੇਤ ਕਰੀਬ ਦੋ ਦਰਜਨ ਮੈਂਬਰਾਂ ਨੇ ਹਿੱਸਾ ਲਿਆ ਅਤੇ ਕਾਫੀ ਮੈਂਬਰ ਦੇਸ਼ ਤੋਂ ਬਾਹਰ ਹੋਣ ਕਾਰਨ ਅਤੇ ਹੋਰ ਮਜਬੂਰੀਆਂ ਕਾਰਨ ਹਾਜਰ ਨਾ ਹੋ ਸਕੇ।



ਮੀਟਿੰਗ ਦੀ ਸ਼ੁਰੂਆਤ ਅਵਤਾਰ ਬਾਈ ਦੇ ਸਵਾਗਤ ਸ਼ਬਦਾਂ ਨਾਲ ਹੋਈ। ਉਪਰੰਤ ਸਕੱਤਰ ਗੁਰਮੇਲ ਗਿੱਲ ਨੇ ਪਿਛਲੇ ਸੈਸ਼ਨ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਕੁੱਝ ਸੋਧਾਂ ਸਮੇਤ ਸਰਬਸੰਮਤੀ ਨਾਲ ਪਾਸ ਕਰ ਲਿਆ ਗਿਆ। ਇਸ ਤੋਂ ਬਾਅਦ ਨਵੇਂ ਅਹੁਦੇਦਾਰਾਂ ਅਤੇ ਐਗਜ਼ੈਕਟਿਵ ਕਮੇਟੀ ਮੈਂਬਰਾਂ ਦੀ ਚੋਣ ਸਰਬਸੰਮਤੀ ਨਾਲ ਹੋਈ ਜਿਸ ਵਿਚ ਜਸਵਿੰਦਰ ਹੇਅਰ – ਪ੍ਰਧਾਨ, ਅਨੁਜ ਸੂਦ – ਮੀਤ ਪ੍ਰਧਾਨ, ਗੁਰਮੇਲ ਗਿੱਲ – ਸਕੱਤਰ, ਨਿਰਮਲ ਕਿੰਗਰਾ – ਸਹਾਇਕ ਸਕੱਤਰ, ਹਰਪਾਲ ਗਰੇਵਾਲ – ਖਜ਼ਾਨਚੀ ਅਤੇ ਰਾਮਜੀਤ ਤਰਕ, ਇਕਬਾਲ ਬਰਾੜ, ਸੁੱਖੀ ਗਰਚਾ, ਠਾਣਾ ਸਿੰਘ ਤੇ ਪਰਮਜੀਤ ਸਿੱਧੂ ਐਗਜ਼ੈਕਟਿਵ ਕਮੇਟੀ ਮੈਂਬਰ ਚੁਣੇ ਗਏ।

ਇਸ ਉਪਰੰਤ 19 ਮਈ ਨੂੰ ਤਰਕਸ਼ੀਲ ਸੁਸਾਇਟੀ ਦੇ ਹੋ ਰਹੇ ਕੌਮੀ ਡੈਲੀਗੇਟ ਇਜਲਾਸ ਲਈ 6 ਡੈਲੀਗੇਟਾਂ ਦੀ ਚੋਣ ਵੀ ਸਰਬਸੰਮਤੀ ਨਾਲ ਹੋਈ। ਅੰਤ ਵਿਚ ਧੰਨਵਾਦੀ ਮਤਾ ਪੇਸ਼ ਕੀਤਾ ਗਿਆ ਅਤੇ

## ਸ਼ਪੈਸ਼ਲ ਬੱਚਿਆਂ ਦੀ ਨੈਸ਼ਨਲ ਫੁੱਟਬਾਲ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਟੀਮ ਨੇ ਜਿੱਤਿਆ ਕਾਂਸੇ ਦਾ ਤਮਗਾ

### ਟੀਮ ਵਿੱਚ ਪ੍ਰਭ ਆਸਰਾ ਸੰਸਥਾ ਵੱਲੋਂ ਸ਼ਾਮਲ ਨਿੰਦਰ ਸਿੰਘ ਅਤੇ ਨਿੱਕੀ ਨੇ ਨਿਭਾਈਆਂ ਅਹਿਮ ਭੂਮਿਕਾਵਾਂ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ

ਕੁਰਾਲ਼ੀ, 30 ਅਪ੍ਰੈਲ : ਮੱਧ ਪ੍ਰਦੇਸ਼ ਦੇ ਗਵਾਲੀਅਰ ਸ਼ਹਿਰ ਵਿਖੇ ਹੋਈ ਸ਼ਪੈਸ਼ਲ ਬੱਚਿਆਂ ਦੀ ਨੈਸ਼ਨਲ ਫੁੱਟਬਾਲ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਟੀਮ ਨੇ ਤੀਸਰੇ ਸਥਾਨ 'ਤੇ ਰਹਿੰਦਿਆਂ ਕਾਂਸੇ ਦਾ ਤਗਮਾ ਆਪਣੇ ਨਾਮ ਕੀਤਾ। ਟੀਮ ਖਿਡਾਰੀਆਂ ਵਿੱਚ ਪ੍ਰਭ




ਆਸਰਾ ਸੰਸਥਾ (ਕੁਰਾਲੀ) ਵੱਲੋਂ ਦੋ ਖਿਡਾਰੀਆਂ ਨਿੰਦਰ ਸਿੰਘ ਅਤੇ ਨਿੱਕੀ ਸ਼ਾਮਲ ਸਨ। ਜਿਨ੍ਹਾਂ ਵਿੱਚੋਂ ਨਿੰਦਰ ਨੇ ਗੋਲਕੀਪਰ ਅਤੇ ਨਿੱਕੀ ਨੇ ਡਿਫੈਂਡਰ ਵਜੋਂ ਅਹਿਮ ਭੂਮਿਕਾਵਾਂ ਨਿਭਾਈਆਂ। ਅੱਜ ਇਨ੍ਹਾਂ ਜੇਤੂ ਖਿਡਾਰੀਆਂ ਦੇ ਵਾਪਸ ਘਰ ਪਹੁੰਚਣ 'ਤੇ ਸੰਸਥਾ ਮੁਖੀ ਸ਼ਮਸ਼ੇਰ ਸਿੰਘ ਅਤੇ ਰਜਿੰਦਰ ਕੌਰ ਨੇ ਉਚੇਚੇ ਤੌਰ 'ਤੇ ਸਵਾਗਤ ਕਰਕੇ ਸ਼ੁਭਕਾਮਨਾਵਾਂ ਦਿੱਤੀਆਂ।

## ਉੱਡਣ ਦਸਤਾ ਟੀਮਾਂ ਵੱਲੋਂ ਵਾਹਨਾਂ ਦੀ ਲਗਾਤਾਰ ਚੈਕਿੰਗ ਜਾਰੀ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 30 ਅਪ੍ਰੈਲ : ਜ਼ਿਲ੍ਹਾ ਚੋਣ ਅਫ਼ਸਰ ਸ. ਜਸਪ੍ਰੀਤ ਸਿੰਘ ਦੇ ਦਿਸਾ-ਨਿਰਦੇਸ਼ਾ ਅਨੁਸਾਰ ਉੱਡਣ ਦਸਤੇ (ਐਫ.ਐਸ.ਟੀ.) ਟੀਮ ਤਲਵੰਡੀ ਸਾਬੋ ਵੱਲੋਂ ਪੰਜਾਬ-ਹਰਿਆਣਾ ਦੇ ਇੰਟਰ ਸਟੇਟ ਬਾਰਡਰ ਉਪਰ ਨਾਕੇ ਲਗਾ ਕੇ ਹਰ ਤਰ੍ਹਾਂ ਦੇ ਵਹੀਕਲਾਂ ਦੀ ਚੈਂਕਿੰਗ ਕੀਤੀ ਗਈ।

ਇਸ ਦੌਰਾਨ ਚੋਣਕਾਰ ਰਜਿਸਟਰੇਸ਼ਨ ਅਫਸਰ 094 ਤਲਵੰਡੀ ਸਾਬੋ ਸ. ਹਰਜਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਗਠਿਤ ਕੀਤੀਆਂ ਟੀਮਾਂ ਵਲੋਂ 24 ਘੰਟੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀਆਂ ਗੈਰ ਕਾਨੂੰਨੀ ਵਸਤੂਆਂ ਨੂੰ ਜ਼ਬਤ ਕੀਤਾ ਜਾ ਸਕੇ।



ਇਸ ਮੌਕੇ ਸ. ਹਰਜਿੰਦਰ ਸਿੰਘ ਜੱਸਲ ਨੇ ਕਿਹਾ ਕਿ ਉਹ ਲੋਕਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ਼ ਬਣਾਈ ਰੱਖਣ ਦੇ ਮੱਦੇਨਜ਼ਰ ਉੱਡਣ ਦਸਤੇ ਟੀਮਾਂ ਵੱਲੋਂ ਨਿਰੰਤਰ ਉਪਰਾਲੇ ਜਾਰੀ ਰਹਿਣਗੇ।

ਇਸ ਮੌਕੇ ਐਫ.ਐਸ.ਟੀ. ਟੀਮ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਂਇੰਦੇ ਆਦਿ ਹਾਜ਼ਰ ਸਨ।

## ਤਰਬੂਜ਼ ਸਮੇਤ ਬਾਜ਼ਾਰ ਵਿੱਚ ਆ ਰਹੇ ਫਲਾਂ ਦੀ ਪਰਖ਼ ਕਰਨ ਦੀ ਮੰਗ


ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 30 ਅਪ੍ਰੈਲ : ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਇੱਕ ਪ੍ਰੈਸ ਬਿਆਨ ਰਾਹੀਂ ਗਰਮੀ ਦੀ ਰੁੱਤ ਵਿੱਚ ਮਾਰਕਿਟ ਵਿੱਚ ਆ ਰਹੇ ਫਲਾਂ ਬਾਰੇ ਦੱਸਿਆ ਕਿ ਇਸ ਰੁੱਤ ਦਾ ਲੋਕਾਂ ਦਾ ਮਨ ਪਸੰਦੀਦਾ ਫਲ ਤਰਬੂਜ਼ ਹੈ, ਤੇ ਉਨ੍ਹਾਂ ਖਦਸ਼ਾ ਜ਼ਾਹਿਰ ਕੀਤਾ ਕਿ ਇਹ ਜ਼ਿਆਦਾ ਫ਼ਲ ਇਨਜੈਕਟਿਡ ਆ ਰਿਹਾ ਹੈ। ਉਨ੍ਹਾਂ ਆਮ ਜਾਣਕਾਰੀ ਬਾਰੇ ਦੱਸਿਆ ਕਿ ਇਸ ਫਲ ਦੇ ਇਨਜੈਕਟਿਡ ਹੋਣ ਬਾਰੇ ਕਿਹਾ ਜਾਂਦਾ ਹੈ ਕਿ ਕੱਟਣ ਲੱਗਿਆਂ ਤਰੇੜਾਂ ਆਉਂਦੀਆਂ ਹਨ,ਇਸ ਦੀ ਗੁੱਦ ਪਾਣੀ ਵਿੱਚ ਪਾਉਣ ਤੇ ਰੰਗ ਛੱਡਦੀ ਹੈ, ਟਿਸ਼ੂ ਪੇਪਰ ਉਪਰ ਲਾਉਣ ਤੇ ਰੰਗ ਛੱਡਦਾ ਹੈ,ਰੂੰ ਨੂੰ ਸਿਰਕੇ ਵਿੱਚ ਭਿਉਂ ਕੇ ਗੁੱਦ ਉਪਰ ਫੇਰਨ ਤੇ ਰੂੰ ਤੇ ਰੰਗ ਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਅਜ ਮਾਰਕੀਟ ਵਿੱਚ ਦੋ ਤਰਬੂਜ਼ ਲਿਆਂਦੇ ਤੇ ਪਰਖਣ ਦੀ ਇੱਛਾ ਨਾਲ ਉਨ੍ਹਾਂ ਨੂੰ ਜਾਣਕਾਰੀ ਵਿਚ ਆਏ ਟੈਸਟਾਂ ਦੇ ਆਧਾਰ ਤੇ ਪਰਖ਼ ਕੀਤੀ ਤਾਂ ਤਰਬੂਜ਼ ਦੀ ਗੁੱਦ ਪਾਣੀ ਵਿੱਚ ਪਾਉਣ ਤੇ ਰੰਗ ਛੱਡ ਗਈ, ਰੂੰ ਨੂੰ ਸਿਰਕੇ ਨਾਲ ਭਿਉਂ ਕੇ ਫੇਰਨ ਤੇ ਉਸ ਉੱਤੇ ਰੰਗ ਆ ਗਿਆ, ਟਿਸ਼ੂ ਪੇਪਰ ਉਪਰ ਰੱਖਣ ਤੇ ਰੰਗ ਉਸ ਉਪਰ ਆ ਗਿਆ।ਸੋ ਪਰਖ਼ ਆਧਾਰਿਤ ਉਨ੍ਹਾਂ ਨੂੰ ਤਰਬੂਜ਼ ਇਨਜੈਕਟਿਡ / ਇਨਫੈਕਟਿਡ ਮਹਿਸੂਸ ਹੋਏ। ਉਨ੍ਹਾਂ ਦੱਸਿਆ ਕਿ ਥੋੜਾ ਜਿਹਾ ਖਾਣ ਨਾਲ ਉਨ੍ਹਾਂ ਦਾ ਮੂੰਹ ਦਾ ਸਵਾਦ ਵੀ ਵਿਗੜ ਗਿਆ। ਉਨ੍ਹਾਂ ਸਿਹਤ ਮਹਿਕਮੇ ਤੋਂ ਮੰਗ ਕੀਤੀ ਹੈ ਕਿ ਮਾਰਕਿਟ ਵਿੱਚ ਆ ਰਹੇ ਫਲਾਂ ਦੀ ਜਾਂਚ ਕੀਤੀ ਜਾਵੇ ਤੇ ਲੋਕਾਂ ਨੂੰ ਪਰਖ਼ ਦੀ ਸਹੀ/ ਪੁਖਤਾ ਜਾਣਕਾਰੀ ਦਿੱਤੀ ਜਾਵੇ,ਇਸ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋਣੋਂ ਬਚਾ ਹੋ ਸਕੇ।



## ਹੁਣੇ ਆਏਗਾ ਪੌੜੀਆਂ ਚੜ੍ਹਦਾ

### ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਜਨਮ ਦਿਨ ਤੇ



ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਹੁਣੇ ਆਏਗਾ ਸਾਡੇ ਘਰ ਦੀਆਂ ਪੌੜੀਆਂ ਚੜ੍ਹਦਾ।
ਨਾਲ ਹੋਣਗੇ ਦੁਨੀਆਂ ਭਰ ਦੇ ਫ਼ਿਕਰ।
ਹੱਥਾਂ ਨਾਲ
ਹਵਾ 'ਚ ਨਕਸ਼ੇ ਬਣਾਵੇਗਾ।
ਅਨੇਕਾਂ ਸ਼ਬਦ ਚਿਤਰ ਉਲੀਕੇਗਾ,
ਬਿਨ ਕਾਗ਼ਜ਼ਾਂ ਤੋਂ।
ਧਰਤੀ 'ਚ ਰੰਗ ਭਰੇਗਾ,
ਖਿੜੇਗਾ ਸੁਰਜਮੁਖੀ ਦੇ ਖੇਤ ਵਾਂਗ।
ਸੁਰ ਅਲਾਪੇਗਾ ਤੇ ਕਹੇਗਾ।

ਉੱਠ ਕੇ ਪਹਿਰ ਦੇ ਤੜਕੇ,
ਬਦਨਾਮੀ ਲੈ ਲਈ।
ਆਹੋ ਜੀ ਬਦਨਾਮੀ ਲੈ ਲਈ।
ਪਰ ਰੋਜ਼ ਤੜਕੇ ਉੱਠੇਗਾ ਤੇ ਕਹੇਗਾ।
ਚਲੋ ਬਈ ਚਲੋ,
ਨਿਰਮਲਾ,ਨਿੰਦਰਾ ਤੇ ਰਵਿੰਦਰਾ
ਚਲੋ ਬਟਾਲੇ
ਕੋਟਲਾ ਸ਼ਾਹੀਆ ਖੇਡਾਂ ਨੇ।
ਪਿਰਥੀਪਾਲ ਉਡੀਕਦੈ।
ਖਤਰਾਵੀਂ ਦਿਲਬਾਗ ਨਾਲ,
ਮੇਲੇ ਦੀ ਵਿਉਂਤ ਬਣਾਉਣੀ ਹੈ।
ਰਾਹ 'ਚ ਮਿਲਣਾ ਹੈ
ਜਥੇਦਾਰ ਕਰਮ ਸਿੰਘ ਜਾਗੀਰਦਾਰ ਨੂੰ
ਮੇਰਾ ਜੇਲ੍ਹ ਸਾਥੀ ਹੈ ਮੋਰਚਿਆਂ ਦਾ

ਕਾਮਰੇਡ ਜਗਜੀਤ ਸਿੰਘ ਆਨੰਦ ਵੀ ਢਿੱਲਾ ਮੱਠਾ ਹੈ।
ਬਾਬੇ ਬਕਾਲੇ ਜੋਗਾ ਸਿੰਘ ਜੋਗੀ ਉਡੀਕਦੈ।
ਬਰਕਤ ਸਿੱਧੂ ਵੀ ਬੀਮਾਰ ਹੈ ਮੋਗੇ।

ਚਲੋ! ਚਲੋ! ਚਲੋ! ਭਾਈ!

ਪਰ ਹੁਣ ਕੋਈ ਨਹੀਂ ਪੌੜੀਆਂ ਚੜ੍ਹਦਾ
ਮੇਰੇ ਘਰ ਦੀਆਂ
ਏਨੇ ਫ਼ਿਕਰਾਂ ਵਿੰਨ੍ਹੇ ਮੱਥੇ ਵਾਲਾ
ਹਸਪਤਾਲ 'ਚ ਪਿਆ ਵੀ ਜੋ ਕਹੇ!
ਚਰਨਜੀਤ ਅਟਵਾਲ!
ਮੇਰਾ ਬੀਬਾ ਵੀਰ
ਮੁਲਖਸਗੜ੍ਹ ਯਾਦਗਾਰ ਬਣਵਾ ਦੇ
ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਧਾਨੀ।
ਬਸੀਆਂ ਕੋਠੀ ਤਾਂ ਬਣਵਾ ਲਈ
ਗੁਰਭਜਨ ਨੇ ਤੁਹਾਡੇ ਬਾਦਲ ਤੋਂ।

ਚੱਲ! ਕਾਕਾ ਹਰਭਜਨ ਮਾਨ
ਹੀਰ ਸੁਣਾ!
ਮਨ ਦਾ ਰਾਂਝਾ ਰਾਜ਼ੀ ਕਰੀਏ!

ਹੁਣ ਸਭ ਪਾਸੇ ਚੁੱਪ ਹੈ।
ਉਹ ਵੱਡੀ ਸਾਰੀ ਧਰਤੀ ਸੀ
ਕਿਸੇ ਲਈ ਨੀਲਾ ਆਸਮਾਨ
ਸਿਰ ਤੇ ਧਰਿਆ ਬਾਬਲ ਦਾ ਹੱਥ ਸੀ
ਕਿਸੇ ਵਾਸਤੇ ਸੁਪਨਿਆਂ ਦਾ ਥਾਲ
ਬਹੁਤਿਆਂ ਲਈ ਵੱਡੀ ਸਾਰੀ ਬੁੱਕਲ ਸੀ

ਅਨੇਕ ਰੱਖਣਿਆਂ ਵਾਲਾ ਬੈਂਕ ਲਾਕਰ
ਬੜਿਆਂ ਲਈ ਰੁਜ਼ਗਾਰ ਦੀ ਪੌੜੀ
ਪਰ ਵਿਰਲਿਆਂ ਲਈ
ਆਸਥਾ ਕੇਂਦਰ।

ਖ਼ਾਨਗਾਹੇ ਬਲਦਾ ਮੱਧਮ ਚਿਰਾਗ।
ਉਹ ਕਿਸੇ ਲਈ ਵੀ ਓਪਰਾ ਨਹੀਂ ਸੀ।
ਵੱਡੀ ਸਾਰੀ ਪੋਟਲੀ 'ਚੋਂ ਸੁਪਨੇ ਕੱਢਦਾ
ਤੇ ਪੂਰੇ ਕਰਨ ਲਈ
ਬਲ ਬੁੱਧ ਮੁਤਾਬਕ ਵੰਡਦਾ।
ਰਿਸ਼ਤਿਆਂ ਦੀਆਂ ਤੰਦਾਂ ਜੋੜਦਾ।
ਅਮਰੀਕਾ 'ਚ 'ਵਾਜ਼ ਮਾਰਦਾ
ਉਇ ਰਿਆੜ ਹਰਵਿੰਦਰਾ
ਜਗਦੇਆਂ ਵਾਲੇ ਕੁਲਦੀਪ ਸਿੰਹਾਂ
ਉਦਾਸੀ ਦੀਏ ਧੀਏ ਪ੍ਰਿਤਪਾਲ
ਮੈਂ ਤਾਂ ਹੁਣ ਨਦੀ ਕਿਨਾਰੇ ਰੁੱਖੜਾ
ਮੇਰਾ ਹੁਣ ਕੀ ਏ।
ਤੇ ਅਗਲੇ ਦਿਨ ਟਿਕਟ ਕਟਾ,
ਅਮਰੀਕਾ ਚੜ੍ਹ ਜਾਂਦਾ।


ਸਾਥੋਂ ਚੋਰੀ ਚੋਰੀ,
ਹਸਨਪੁਰੀਏ ਸੁਰਤ ਸਿੰਘ ਖ਼ਾਲਸਾ ਨਾਲ।
ਉੱਤਰਨ ਸਾਰ ਦੁੱਖ ਸੁਖ ਭੁਗਤਾਉਂਦਾ।
ਆਖ਼ਰੀ ਰਾਤਾਂ ਰਿਆੜ ਕੋਲੋਂ,
ਸੁੱਜੇ ਪੈਰੀਂ ਮਾਲਸ਼ਾਂ ਕਰਵਾਉਂਦਾ।
ਅਸੀਸਾਂ ਵੰਡਦਾ,ਫ਼ਤਹਿ ਬੁਲਾਉਂਦਾ।
ਵਤਨੀਂ ਪਰਤਦਾ।

ਆਉਂਦਿਆ ਹਸਪਤਾਲ ਦਾ ਮੰਜਾ ਸੀ।
ਉੱਥੇਂ ਹੀ ਗਾਉਂਦਾ ਵਜਾਉਂਦਾ,
ਰੇਤ ਵਾਂਗ ਹੱਥੋਂ ਕਿਰ ਗਿਆ।

ਲੋਕ ਸੰਗੀਤ ਦੀ ਪਨੀਰੀ ਬੀਜਦਾ,
ਲਗਾਤਾਰ ਜਲ ਤਰੌਂਕਦਾ,
ਉਡਾਰ ਕਰਦਾ ਤੇ ਫੁਰਰਰਰਰ ਆਖ,
ਅੰਬਰਾਂ ਨੂੰ ਸੌਂਪਦਾ।
ਪਾਰਸ ਛੋਹ ਬਖ਼ਸ਼ ਕੇ।

ਜਹਾਨੋਂ ਜਾਣ ਵੇਲੇ ਵੀ,
ਇਤਿਹਾਸ ਦੀ ਚਿੰਤਾ ਸੀ।
ਬੂਹਾ ਕਰ ਬੰਦ,
ਮੇਰਾ ਪੁੱਤਰ ਚੰਦ,
ਚੱਲ ਬਈ ਨਿੰਦਰਾ ਖੋਲ੍ਹ ਦੇ ਜਿੰਦਰਾ।
ਜੰਗਾਲੀਆਂ ਯਾਦਾਂ ਨੂੰ ਹਵਾ ਲੁਆਈਏ

## ਕਮਲਜੀਤ ਸਿੰਘ ਬਨਵੈਤ ਦੀ ਪੁਸਤਕ 'ਢਾਈ ਆਬ' ਸਮਾਜਿਕ ਸਰੋਕਾਰਾਂ ਦੀ ਹੂਕ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਕਮਲਜੀਤ ਸਿੰਘ ਬਨਵੈਤ ਮੁੱਢਲੇ ਤੌਰ 'ਤੇ ਇੱਕ ਸਥਾਪਤ ਪੱਤਰਕਾਰ ਹੈ, ਜਿਸ ਕਰਕੇ ਉਹ ਤਤਕਾਲੀ ਘਟਨਾਵਾਂ ਅਤੇ ਮਸਲਿਆਂ ਬਾਰੇ ਅਖ਼ਬਾਰਾਂ ਲਈ ਲੇਖ ਲਿਖਦਾ ਰਹਿੰਦਾ ਹੈ। ਉਸ ਦੇ ਲੇਖਾਂ ਵਿੱਚ ਵਰਤਮਾਨ ਸਮਾਜਿਕ ਵਿਸੰਗਤੀਆਂ ਦੀ ਚਰਚਾ ਆਮ ਹੁੰਦੀ ਹੈ। ਉਸ ਦੀਆਂ ਹੁਣ ਤੱਕ 11 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 9 ਨਿਬੰਧ ਅਤੇ ਦੋ ਕਹਾਣੀ ਸੰਗ੍ਰਹਿ ਸ਼ਾਮਲ ਹਨ। ਚਰਚਾ ਅਧੀਨ 'ਢਾਈ ਆਬ' ਉਸ ਦੀ 12ਵੀਂ ਪੁਸਤਕ ਹੈ। ਇਸ ਨਿਬੰਧ ਸੰਗ੍ਰਹਿ ਵਿੱਚ 41 ਲਘੂ ਨਿਬੰਧ ਹਨ। ਹਰ ਲੇਖ ਵਿੱਚ ਇੱਕ ਵਿਸ਼ੇ ਨੂੰ ਉਹ ਮੁੱਖ ਤੌਰ 'ਤੇ ਆਧਾਰ ਬਣਾਉਂਦਾ ਹੈ ਪ੍ਰੰਤੂ ਇਸ ਦੇ ਨਾਲ ਹੀ ਹੋਰ ਛੋਟੀਆਂ ਮੋਟੀਆਂ ਘਟਨਾਵਾਂ ਅਤੇ ਅਖ਼ਬਾਰਾਂ ਦੀਆਂ ਖ਼ਬਰਾਂ ਦੀ ਚਰਚਾ ਕਰਦਾ ਹੈ। ਉਸ ਦੀ ਨਿਵੇਕਲੀ ਗੱਲ ਇਹ ਹੈ ਕਿ ਉਹ ਹਰ ਲੇਖ ਨੂੰ ਅੰਕੜਿਆਂ ਨਾਲ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਭਾਵ ਹਰ ਲੇਖ ਤੱਥਾਂ 'ਤੇ ਅਧਾਰਤ ਹੁੰਦਾ ਹੈ। ਪੁਸਤਕ ਦੇ ਬਹੁਤੇ ਲੇਖਾਂ ਵਿੱਚ ਸਮਾਜਿਕ ਕੁਰੀਤੀਆਂ, ਸਰਕਾਰਾਂ ਦੀਆਂ ਅਣਗਹਿਲੀਆਂ, ਵਿਰੋਧੀਆਂ ਦੇ ਗ਼ੈਰ ਜ਼ਿੰਮੇਵਾਰਾਨਾ ਬਿਆਨ, ਸਿਆਸੀ ਤੇ ਸਮਾਜਿਕ ਘਟਨਾਵਾਂ ਅਤੇ ਦੁਰਘਟਨਾਵਾਂ ਨਾਲ ਸੰਬੰਧਤ ਹੁੰਦੇ ਹਨ। ਲੇਖਕ ਦਾ ਫ਼ਰਜ਼ ਵੀ ਬਣਦਾ ਹੈ ਕਿ ਉਹ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਂਦੇ ਹੋਏ, ਉਨ੍ਹਾਂ ਦੇ ਹੱਲ ਲਈ ਵੀ ਸੁਝਾਅ ਦੱਸੇ। ਕਮਲਜੀਤ ਸਿੰਘ ਬਨਵੈਤ ਇਸ ਪਾਸੇ ਇਸ਼ਾਰੇ ਮਾਤਰ ਟਿੱਪਣੀ ਕਰਦਾ ਹੈ। ਭਾਵੇਂ ਉਸ ਦੇ ਬਹੁਤੇ ਲੇਖ ਸਮਾਜਿਕ ਮਸਲਿਆਂ ਅਤੇ ਸਿਆਸੀ ਪ੍ਰਤੀਕਿਰਿਆਵਾਂ ਹੁੰਦੇ ਹਨ, ਪ੍ਰੰਤੂ ਜਿਹੜੇ ਲੋਕ ਚੰਗੇ ਕੰਮ ਕਰਦੇ ਹਨ, ਖਾਸ ਤੌਰ 'ਤੇ ਲੜਕੀਆਂ, ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਜਦੋਜਹਿਦ ਬਾਰੇ ਵੀ ਸੁਚੱਜੇ ਢੰਗ ਨਾਲ ਉਤਸ਼ਾਹ ਪੂਰਬਕ ਬ੍ਰਿਤਾਂਤ ਦਿੰਦੇ ਹਨ। 'ਬਾਜਾਂ ਨਾਲ ਟੱਕਰ' ਲੇਖ ਵਿੱਚ ਗ਼ਰੀਬ ਪਰਿਵਾਰਾਂ ਦੀਆਂ ਲੜਕੀਆਂ ਦੀ ਹਿੰਮਤ ਅਤੇ ਦਲੇਰੀ ਦੀ ਦਾਦ ਦਿੱਤੀ ਗਈ ਹੈ, ਜਿਹੜੀਆਂ ਨਿਆਇਕ ਸਰਵਿਸ ਲਈ ਚੁਣੀਆਂ ਗਈਆਂ ਹਨ। ਨਸ਼ੇ, ਖ਼ੁਦਕਸ਼ੀਆਂ, ਮਜ਼ਦੂਰਾਂ ਦੀ ਦੁਰਦਸ਼ਾ, ਅਪ੍ਰਾਧਿਕ ਮਾਮਲੇ, ਕਚਹਿਰੀਆਂ ਵਿੱਚ ਅਣਗਿਣਤ ਮੁਕੱਦਮੇ ਤੇ ਫੈਸਲਿਆਂ ਵਿੱਚ ਦੇਰੀ, ਜੇਲ੍ਹਾਂ ਵਿੱਚ ਮੋਬਾਈਲ ਫ਼ੋਨ ਤੇ ਗ਼ੈਰ ਕੁਦਰਤੀ ਮੌਤਾਂ, ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਤੇ ਫਰਜੀ ਦਾਖ਼ਲੇ, ਲੜਕੀਆਂ ਲਈ ਪਾਖਾਨਿਆਂ ਦੀ ਅਣਹੋਂਦ, ਪ੍ਰਾਈਵੇਟ ਸਕੂਲਾਂ ਦੀ ਲੁੱਟ, ਤੋਹਫ਼ਿਆਂ ਦੀ ਪ੍ਰਵਿਰਤੀ, ਤਿਓਹਾਰਾਂ 'ਤੇ ਬੇਤਹਾਸ਼ਾ ਖ਼ਰਚੇ, ਗ਼ੈਰ ਕਾਨੂੰਨੀ ਪ੍ਰਵਾਸ, ਡੰਕੀ ਰਸਤੇ ਜਾਂਦੇ ਲੋਕਾਂ ਦੀਆਂ ਮੌਤਾਂ ਬਾਰੇ ਜਾਗ੍ਰਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਤੋਹਫ਼ਿਆਂ ਬਾਰੇ ਉਨ੍ਹਾਂ ਆਪਣੀ ਪੱਤਰਕਾਰਾਂ ਦੀ ਬਰਾਦਰੀ ਦੇ ਵੀ ਆਹੂ ਲਾਹੇ ਹਨ। ਕਿਸ਼ਤੀਆਂ ਵਿੱਚ ਡੁੱਬ ਕੇ ਮਰਨ ਤੋਂ ਬਾਅਦ ਵੀ ਪੰਜਾਬੀ ਗ਼ੈਰ ਕਾਨੂੰਨੀ ਢੰਗ ਨਾਲ ਜਾਣ ਤੋਂ ਹੱਟਦੇ ਨਹੀਂ। ਜਾਅਲੀ ਡਿਗਰੀਆਂ ਵਾਲਿਆਂ ਦੇ ਡੀਪੋਰਟ ਹੋਣ ਦੀ ਤਲਵਾਰ ਲਟਕਦੀ ਰਹਿੰਦੀ ਹੈ। 'ਵਕਾਰ ਨੂੰ ਸੱਟਾਂ' ਵਾਲੇ ਲੇਖ ਵਿੱਚ ਲਿਖਿਆ ਹੈ ਕਿ ਪੰਜਾਬੀਆਂ ਵੱਲੋਂ ਕੈਨੇਡਾ ਵਿੱਚ ਕੀਤੀਆਂ ਜਾਂਦੀ ਚੋਰੀਆਂ ਅਤੇ ਹੋਰ ਗ਼ੈਰ ਕਾਨੂੰਨੀ ਕਾਰਵਾਈਆਂ ਨੇ ਭਾਰਤ ਦੇ ਅਕਸ ਨੂੰ ਢਾਹ ਲਾਈ ਹੈ। ਕੈਨੇਡਾ ਅਤੇ ਆਸਟਰੇਲੀਆ ਨੇ ਤਾਂ ਕਾਨੂੰਨ ਕਾਫੀ ਸਖਤ ਕਰ ਦਿੱਤੇ ਪ੍ਰੰਤੂ ਬਰਤਾਨੀਆਂ ਨੇ ਦਰਵਾਜ਼ੇ ਖੋਲ੍ਹ ਦਿੱਤੇ ਬਾਰੇ ਅੰਕੜਿਆਂ ਨਾਲ ਦੱਸਿਆ ਗਿਆ ਹੈ। ਪੰਜਾਬੀ ਪ੍ਰਵਾਸ ਅਤੇ ਪੂਰਬੀਏ ਪੰਜਾਬ ਵਿੱਚ ਮੱਲਾਂ ਮਾਰੀ ਜਾਂਦੇ ਹਨ। ਰਾਜਪਾਲ ਅਤੇ ਸਰਕਾਰ ਦੇ ਟਕਰਾਓ ਨੇ ਪੰਜਾਬ ਦਾ ਨੁਕਸਾਨ ਕੀਤਾ ਹੈ। ਸਿਆਸੀ ਬਦਲਾਖ਼ੋਰੀ ਦੀ ਤਸਵੀਰ ਵੀ ਤੱਥਾਂ ਨਾਲ ਦੇ ਕੇ ਜਾਣਕਾਰੀ ਦਿੱਤੀ ਹੈ। ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੰਜਾਬ ਦੇ ਕਾਂਗਰਸੀ ਨੇਤਾਵਾਂ ਉਪਰ ਭਰਿਸ਼ਟਾਚਾਰ ਦੇ ਕੇਸਾਂ ਸੰਬੰਧੀ ਕੀਤੀਆਂ ਗ੍ਰਿਫ਼ਤਾਰੀਆਂ ਬਾਰੇ ਵਿਸਤਾਰ ਨਾਲ ਲਿਖਿਦਿਆਂ ਕਿਹਾ ਕਿ ਅਜੇ ਹੋਰ ਨਿਸ਼ਾਨੇ 'ਤੇ ਹਨ, ਕੁਝ ਲੋਕਾਂ ਨੇ ਇਸ ਨੂੰ ਬਦਲਾਖ਼ੋਰੀ ਵੀ ਕਿਹਾ ਹੈ। ਪ੍ਰੰਤੂ ਭਗਵੰਤ ਮਾਨ ਨੇ ਆਪਣੇ ਵਜ਼ੀਰਾਂ ਤੇ ਵਿਧਾਨਕਾਰਾਂ ਨੂੰ ਵੀ ਨਹੀਂ ਬਖ਼ਸ਼ਿਆ। ਸਰਕਾਰ ਅਧਿਕਾਰੀਆਂ ਨੂੰ ਹੱਥ ਪਾਉਣ ਤੋਂ ਝਿਜਕ ਰਹੀ ਹੈ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਇਜਲਾਸ ਛੋਟੇ ਹੋਣ ਅਤੇ ਨੇਤਾਵਾਂ ਵੱਲੋਂ ਲੋਕ ਹਿਤਾਂ ਨੂੰ ਅੱਖੋਂ ਪ੍ਰੋਖੇ ਕਰਨ ਅਤੇ ਇਕ ਦੂਜੇ 'ਤੇ ਚਿੱਕੜ ਸੁੱਟਣ ਬਾਰੇ ਵੀ ਲੋਕਾਂ ਨੂੰ ਜਾਣਕਾਰੀ ਦਿੱਤੀ ਹੈ। ਲੋਕ ਸਭਾ 'ਤੇ ਰਾਜ ਸਭਾ ਦੇ ਮੈਂਬਰ ਲੋਕ ਹਿੱਤਾਂ ਦੀ ਗੱਲ ਕਰਨ ਦੀ ਥਾਂ ਗ਼ੈਰ ਹਾਜ਼ਰ ਰਹਿੰਦੇ ਹਨ। ਸੰਸਦ ਵਿੱਚ ਬਹੁਤੇ ਮੈਂਬਰ ਪੰਜਾਬ ਦੇ ਪੱਖ ਦੀ ਗੱਲ ਤਾਂ ਕੀ ਕਰਨੀ ਹੈ ਚੁੱਪ ਵੱਟੀ 'ਮੂੰਹ ਵਿੱਚ ਘੁੰਗਣੀਆਂ ਪਾਈ ਰੱਖਦੇ ਹਨ। ਸਿਆਸਤ ਵਿੱਚ ਅਪ੍ਰਾਧੀਕਰਨ ਨੂੰ ਰੋਕਣ ਵਿੱਚ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਚੋਣ ਕਮਿਸ਼ਨ ਵੀ ਹੱਥ ਖੜ੍ਹੇ ਕਰ ਗਿਆ। ਕਿਸਾਨ ਤੇ ਮਜ਼ਦੂਰ ਮਿਹਨਤੀ ਹਨ, ਮੀਂਹ ਹਨ੍ਹੇਰੀ ਨੁਕਸਾਨ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੀ ਆਰਥਿਕ ਹਾਲਤ ਮਾੜੀ ਹੈ ਪ੍ਰੰਤੂ ਫ਼ਜ਼ੂਲ ਖ਼ਰਚੀ ਕਰਨੋ ਨਹੀਂ ਹੱਟਦੇ। ਸਰਕਾਰਾਂ ਦੀ ਬੇਰੁਖੀ ਦੇ ਬਾਵਜੂਦ ਦੇਸ਼ ਦੇ ਅਨਾਜ ਦੀ ਲੋੜ ਕਿਸਾਨ ਪੂਰੀ ਕਰਦੇ ਹਨ। ਸੰਗਰੂਰ ਦੀ ਉਪ ਚੋਣ ਨੇ ਆਮ ਆਦਮੀ ਸਰਕਾਰ ਦੀ ਕਿਰਕਰੀ ਕੀਤੀ ਪ੍ਰੰਤੂ ਜਲੰਧਰ ਉਪ ਚੋਣ ਨੇ ਧਰਵਾਸ ਦਿੱਤਾ। ਬਨਵੈਤ ਲਿਖਦਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਖ਼ੂਨ ਪੰਜਾਬੀਆਂ ਦਾ ਡੁਲ੍ਹਿਆ ਤੇ ਸਰਹੱਦਾਂ ਖ਼ੂਨ ਡੁਲ੍ਹ ਰਿਹਾ ਹੈ ਪ੍ਰੰਤੂ ਆਨੰਦ ਸਮੁੱਚਾ ਭਾਰਤ ਮਾਣ ਰਿਹਾ ਹੈ। ਕੇਂਦਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰ ਰਹੀ ਹੈ। ਪੰਜਾਬ ਯੂਨੀਵਰਸਿਟੀ ਪੰਜਾਬ ਦੀ ਜ਼ਮੀਨ ਤੇ ਬਣੀ ਹੈ ਪ੍ਰੰਤੂ ਕੇਂਦਰ ਸਰਕਾਰ ਰਾਜਪਾਲ ਰਾਹੀਂ ਪੰਜਾਬ ਦੇ ਅਧਿਕਾਰ ਖੋਹਣ ਕੀ ਕੋਸ਼ਿਸ਼ ਕਰ ਰਹੀ ਹੈ। ਪ੍ਰਕਾਸ਼ ਸਿੰਘ ਬਾਦਲ ਵਲੋਂ ਇਸ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਹਮਾਇਤ ਦਾ ਪ੍ਰਦਾ ਫ਼ਾਸ਼ ਕੀਤਾ ਹੈ। ਸਾਡੀ ਧਰਤੀ ਤੇ ਬਣਿਆਂ ਡੈਮ ਬਿਗਾਨਾ ਬਣਾ ਰਹੇ ਹਨ। 1966 ਵਿੱਚ ਪੰਜਾਬ ਦੀ ਵੰਡ ਹੋਣ ਤੋਂ ਬਾਅਦ ਹਿਮਾਚਲ ਅਤੇ ਹਰਿਆਣਾ ਬਣ ਗਏ, ਹੁਣ ਇਹ ਦੋਵੇਂ ਸੂਬੇ ਪੰਜਾਬ ਨਾਲ ਆਹਡਾ ਲਾਈ ਰੱਖਦੇ ਹਨ। ਹਰਿਆਣਾ ਹੋਰ ਪਾਣੀ ਦੀ ਮੰਗ ਕਰਦੈ ਤੇ ਹਿਮਾਚਲ ਪਾਣੀ 'ਤੇ ਸੈਸ ਲਾਉਣ ਦੀ ਗੱਲ ਕਰਦਾ ਹੈ। ਹਿਮਾਚਲ ਸਾਨਨ ਪਣ ਬਿਜਲੀ ਘਰ ਦੀ ਲੀਜ ਵਧਾਉਣ ਦੀ ਥਾਂ ਖ਼ਤਮ ਕਰਨ ਦੇ ਗੋਗੇ ਗਾ ਰਿਹਾ ਹੈ। ਨਕਲੀ ਦਵਾਈਆਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ। ਪੰਜਾਬ ਦੇ ਕਾਂਗਰਸੀਆਂ ਦੀ ਫੁੱਟ ਬਾਰੇ ਵਿਸਤਾਰ ਨਾਲ ਦੱਸਿਆ ਹੈ ਕਿ ਉਹ ਹਾਰਾਂ ਖਾ ਕੇ ਵੀ ਸਮਝਦੇ ਨਹੀਂ। ਕਮਲਜੀਤ ਸਿੰਘ ਬਨਵੈਤ 'ਮੁਆਫ਼ੀ ਦਾ ਕੱਚ ਸੱਚ' ਵਿੱਚ ਇਹ ਵੀ ਲਿਖਦੇ ਹਨ ਕਿ ਕਾਂਗਰਸ ਨੇ ਬਲਿਊ ਸਟਾਰ ਅਪ੍ਰੇਸ਼ਨ ਅਤੇ ਅਕਾਲੀ ਦਲ ਨੇ ਬੇਅਦਬੀਆਂ ਨਾਲ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨਾਲ ਧ੍ਰੋਹ ਕਮਾਇਆ ਹੈ। ਮੁਆਫ਼ੀਆਂ ਨਾਲ ਧ੍ਰੋਹ ਦੂਰ ਨਹੀਂ ਹੋ ਸਕਦਾ। ਬੰਦੀ ਸਿੰਘਾਂ ਬਾਰੇ ਲਿਖਦਿਆਂ ਉਸ ਨੇ ਅਸਿੱਧ ਤੌਰ 'ਤੇ ਕਿਹਾ ਹੈ ਕਿ ਸਿੱਖ ਗਦਾਰਾਂ ਨੇ ਹਮੇਸ਼ਾ ਢਾਹ ਲਾਈ ਹੈ। ਸਿਆਸਤਦਾਨ ਉਨ੍ਹਾਂ ਦੀ ਬਾਂਹ ਨਹੀਂ ਫੜਦੇ। 'ਕਰਜ਼ਾਈ ਪੰਜਾਬ' ਲੇਖ ਵਿੱਚ ਕਿਸਾਨਾ ਅਤੇ ਪੰਜਾਬ ਸਿਰ ਕਰਜ਼ੇ ਨੇ ਧੂੰਆਂ ਕੱਢਿਆ ਪਿਆ ਹੈ। ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ। ਹਰੀ ਕ੍ਰਾਂਤੀ ਨੇ ਪੰਜਾਬੀ ਕਿਸਾਨ ਡੋਬ ਦਿੱਤੇ। ਗਰਭਪਾਤ ਦੇ ਕੇਸਾਂ ਵਿੱਚ ਵਾਧਾ ਚਿੰਤਾ ਵਿਸ਼ਾ ਹੈ। ਬਲਾਤਕਾਰਾਂ ਨਾਲ ਹੋਏ ਗਰਭ ਨੂੰ ਗਿਰਾਉਣ ਲਈ ਅਸੁਰੱਖਿਅਤ ਢੰਗ ਵਰਤੇ ਜਾਂਦੇ ਹਨ ਜੋ ਖ਼ਤਰਨਾਕ ਹਨ। 'ਸਿਆਸੀ ਕਿਕਲੀ' ਵਿੱਚ ਭਗਵੰਤ ਮਾਨ ਦੀਆਂ ਬੜਕਾਂ ਅਤੇ ਵਿਰੋਧੀਆਂ ਵੱਲੋਂ ਕਰਾਰਾ ਜਵਾਬ ਲਿਖੇ ਗਏ ਹਨ ਪ੍ਰੰਤੂ ਪੰਚਾਇਤ ਦਾ ਕਿਹਾ ਸਿਰ ਮੱਥੇ ਪ੍ਰਨਾਲਾ ਉਥੇ ਦਾ ਉਥੇ ਹੀ ਹੈ। ਦੋਵੇਂ ਧਿਰਾਂ ਦੂਸ਼ਣਬਾਜੀ ਕਰ ਰਹੀਆਂ ਹਨ। ਰਾਜਨੀਤੀ ਸਿਧਾਂਤਹੀਣ ਬਣੀ ਪਈ ਹੈ। ਦਲ ਬਦਲੀਆਂ ਭਾਰੂ ਹਨ। ਅਕਾਲੀ ਦਲ ਲਈ ਸੁਖਬੀਰ ਸਿੰਘ ਬਾਦਲ ਦੀ ਸਿਆਸਤ ਲਾਹੇਬੰਦ ਨਹੀਂ ਸਾਬਤ ਹੋ ਰਹੀ। 'ਭਗਵੰਤ ਮਾਨ ਦਾ ਟ੍ਰਿਪਲ ਸ਼ਾਟ' ਲੇਖ ਵਿੱਚ ਗੁਰਬਾਣੀ ਦੇ ਪ੍ਰਸਾਰਣ ਦੇ ਅਧਿਕਾਰ ਬਾਰੇ, ਪੁਲਿਸ ਮੁਖੀ ਦੀ ਨਿਯੁਕਤ ਯੂ.ਪੀ.ਐਸ.ਸੀ.ਦੇ ਅਧਿਕਾਰ ਖੇਤਰ ਵਿੱਚੋਂ ਕੱਢਣ ਅਤੇ ਰਾਜਪਾਲ ਦੀ ਥਾਂ ਯੂਨਵਰਸਿਟੀਆਂ ਦੇ ਚਾਂਸਲਰ ਲਾਉਣ ਬਾਰੇ ਬਿਲ ਪਾਸ ਕਰਨ ਨੂੰ ਕਿਹਾ ਹੈ। 2023 ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਦੀ ਮਾਰ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਸ਼ੰਭੂ ਅਤੇ ਖਨੌਰੀ ਸਰਹੱਦਾਂ ਦੇ ਕਿਸਾਨੀ ਅੰਦੋਲਨ ਪਹਿਲੇ ਅੰਦੋਲਨ ਦੀ ਤਰ੍ਹਾਂ ਸਿਆਸੀ ਪਾਰਟੀਆਂ ਦੀ ਮਦਦ ਲੈਣ ਵਿੱਚ ਅਸਫਲ ਰਿਹਾ ਹੈ, ਹਾਲਾਂ ਕਿ ਇਸ ਅੰਦੋਲਨ ਵਿੱਚ ਪੰਜਾਬ ਦਾ ਇਕ ਨੌਜਵਾਨ ਸ਼ੁਭਕਰਨ ਸਿੰਘ ਸ਼ਹੀਦੀ ਪਾ ਗਿਆ। ਪੰਜਾਬੀ ਵਿਆਹਾਂ 'ਤੇ ਕਰੋੜਾਂ ਰੁਪਏ ਖ਼ਰਚ ਰਹੇ ਹਨ, ਪ੍ਰੰਤੂ ਸਾਦੇ ਵਿਆਹ ਕਰਨ ਦੀ ਵਕਾਲਤ ਕੀਤੀ ਹੈ। ਆਖ਼ੀਰ ਵਿੱਚ ਇਹ ਲਿਖਣਾ ਜ਼ਰੂਰੀ ਸਮਝਦਾ ਹਾਂ ਕਿ ਬਿਹਤਰੀਨ ਨਿਬੰਧਾਂ ਵਿੱਚ ਕੁਝ ਘਾਟਾਂ ਰੜਕਦੀਆਂ ਹਨ। ਉਸ ਦਾ ਕਾਰਨ ਇਹ ਹੈ ਕਿ ਲੇਖਕ ਅਖ਼ਬਾਰਾਂ ਲਈ ਲੇਖ ਲਿਖਦਾ ਹੈ ਤੇ ਫਿਰ ਉਨ੍ਹਾਂ ਲੇਖਾਂ ਦੀ ਪੁਸਤਕ ਪ੍ਰਕਾਸ਼ਤ ਕਰਵਾ ਦਿੰਦਾ ਹੈ। ਇਹ ਲੇਖ ਜਿਸ ਸਮੇਂ ਲਿਖੇ ਸਨ, ਉਦੋਂ ਉਹ ਵਰਤਮਾਨ ਟੈਨਸ ਵਿੱਚ ਹੁੰਦੇ ਹਨ ਪ੍ਰੰਤੂ ਜਦੋਂ ਪੁਸਤਕ ਪ੍ਰਕਾਸ਼ਤ ਹੁੰਦੀ ਹੈ ਤਾਂ ਉਨ੍ਹਾਂ ਨੂੰ ਪਾਸਟ ਟੈਨਸ ਵਿੱਚ ਕਰ ਦੇਣਾ ਬਣਦਾ ਹੈ, ਜਾਂ ਹਰ ਲੇਖ ਨਾਲ ਜਿਸ ਦਿਨ ਉਹ ਲੇਖ ਅਖ਼ਬਾਰ ਵਿੱਚ ਪ੍ਰਕਾਸ਼ਤ ਹੋਇਆ ਜਾਂ ਲਿਖਿਆ ਹੈ, ਉਸਦੀ ਤਾਰੀਕ ਪਾ ਦਿੱਤੀ ਜਾਵੇ। ਲੇਖਾਂ ਵਿੱਚ ਦੁਹਰਾਓ ਵੀ ਹੈ। ਸਮੁੱਚੇ ਤੌਰ 'ਤੇ ਚੰਗਾ ਉਦਮ ਹੈ।

126 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

## ਮੌਲਾ ਜੱਟ (maula Jatt)

ਵਰਲਡ ਪੰਜਾਬੀ ਟਾਈਮਜ਼




ਵਧੀਆ ਗੀਤਾਂ ਨਾਲ ਚਰਚਾਂ ਵਿੱਚ ਰਹਿਣ ਵਾਲੇ ਵਧੀਆ ਗਇਕ ਤੇ ਗੀਤਕਾਰ ਅਵਤਾਰ ਤਾਰੀ ਦਾ ਨਵਾਂ ਗੀਤ ਮੌਲਾ ਜੱਟ ਜੋ ਹਰ ਵਰਗ ਦੇ ਸਰੋਤਿਆ ਵਲੋਂ ਬਹੁਤ ਜਿਆਦਾ ਪਸੰਦ ਕੀਤਾ ਜਾ ਰਿਹਾ ਹੈ ਯੁਟਿਊਬ ਤੇ ਮੌਲਾ ਜੱਟ ਗੀਤ ਨੂੰ 1 ਮਿਲੀਅਨ ਤੇ ਜਿਆਦਾ ਦਰਸਕਾ ਨੇ ਦੇਖਿਆ ਹੈ

ਮੌਲਾ ਜੱਟ ਗੀਤ ਨੂੰ ਲਿਖਿਆ ਹੈ ਨਾਮਵਰ ਗੀਤਕਾਰ ਜੰਗ ਚਾਪਰਾ ਸੰਗੀਤਿਕ ਧੁੰਨਾ ਨਾਲ ਸ਼ਿੰਗਾਰਿਆ ਹੈ ਮਸ਼ਹੂਰ ਸੰਗੀਤਕਾਰ ਅਵਤਾਰ ਧੀਮਾਨ ਨੇ , ਕੰਪਨੀ ਡਾਇਰੈਕਟਰ ਜਗਜੀਤ ਕੌਰ ਤਾਰੀ ਨੇ , ਮੌਲਾ ਜੱਟ ਸੌਂਗ ਦੇ ਪ੍ਰੋਡਿਊਸਰਜ਼ ਨੇ ਦਵਿੰਦਰਪਾਲ ਸਿੰਘ ਤਾਰੀ, ਲਖਬੀਰ ਸਿੰਘ ਤਾਰੀ, ਐਸਟਨ ਬੇਕਰ , ਵੀਡਿਓ ਡਾਇਰੈਕਟਰ ਅਵਤਾਰ ਧੀਮਾਨ ਵੱਲੋਂ ਮੌਲਾ ਜੱਟ ਗੀਤ ਨੂੰ ਬਹੁਤ ਹੀ ਵਧੀਆ ਲੋਕੇਸ਼ਨਜ਼ ਤੇ ਸ਼ੂਟ ਕੀਤਾ ਗਿਆ ਹੈ ਜੋਂ ਕਾਬਿਲੇ ਤਾਰੀਫ ਹੈ, ਟੀ ਪ੍ਰੋਡਕਸ਼ਨਸ ਵੱਲੋਂ ਰੀਲੀਜ਼ ਗੀਤ ਮੌਲਾ ਜੱਟ ਬਹੁਤ ਵਧੀਆ ਤੇ ਲਾਜਵਾਬ ਗੀਤ ਹੈ,ਅਵਤਾਰ ਤਾਰੀ ਤੇ ਅਵਤਾਰ ਧੀਮਾਨ ਮੌਲਾ ਜੱਟ ਗੀਤ ਕੀਤੀ ਮੇਹਨਤ ਰੰਗ ਲਿਆ ਰਹੀ ਹੈ ਮੌਲਾ ਜੱਟ ਗੀਤ ਸਾਰੀ ਟੀਮ ਨੂੰ ਬੁਲੰਦੀਆਂ ਤੇ ਲੈਕੇ ਜਾਵੇਗਾ ਅਖੀਰ ਵਿੱਚ ਸਾਰੇ ਰੱਬ ਵਰਗੇ ਪਿਆਰੇ ਸਰੋਤਿਆ ਦਾ ਦਿਲੋਂ ਸਤਿਕਾਰ ਤੇ ਧੰਨਵਾਦ ਜਿੰਨਾ ਨੇ ਮੌਲਾ ਜੱਟ ਗੀਤ ਨੂੰ ਇੰਨਾ ਪਿਆਰ ਬਖਸਿਆ